# ਨਾ ਸੋਹੈ ਬਤੀਸ ਲਖਨਾ

**ਪਰ ਧਨ ਪਰ ਦਾਰਾ ਪਰਹਰੀ ॥**
**ਤਾ ਕੈ ਨਿਕਟਿ ਬਸੈ ਨਰਹਰੀ ॥੧॥**

ਇਹ ਸ਼ਬਦ ਭਗਤ ਨਾਮਦੇਵ ਜੀ ਦਾ ਭੈਰਉ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੧੧੬੩ ਤੇ ਅੰਕਿਤ ਹੈ।

(ਇਸ ਸ਼ਬਦ ਨੂੰ ਸਮਝਣ ਲਈ ਪਹਿਲਾਂ 'ਰਹਾਉ' ਦੀਆਂ ਪੰਕਤੀਆਂ ਦੇ ਅਰਥ ਪੜ੍ਹੋ ਜੀ।)

-- ਜੋ ਮਨੁਖ ਵਾਹਗੁਰੂ ਦੇ ਸਿਮਰਨ ਦੇ ਨਾਲ ਨਾਲ ਪਰਾਏ ਧਨ ਅਤੇ ਪਰਾਈ ਇਸਤਰੀ ਦਾ ਪਰਹੇਜ਼ ਕਰਦੇ ਹਨ, ਉਤਮ ਪੁਰਖ, ਨਰਸਿੰਘ, ਪਰਮਾਤਮਾ ਉਨ੍ਹਾਂ ਦੇ ਕੋਲ ਵਸਦਾ ਹੈ।੧।

**ਜੋ ਨ ਭਜੰਤੇ ਨਾਰਾਇਣਾ ॥**
**ਤਿਨ ਕਾ ਮੈ ਨ ਕਰਉ ਦਰਸਨਾ ॥੧॥ ਰਹਾਉ ॥**

-- ਭਗਤ ਜੀ ਦਾ ਬਹੁਤ ਹੀ ਸਪੱਸ਼ਟ ਸ਼ਬਦਾਂ ਵਿਚ ਫ਼ੁਰਮਾਣ ਹੈ ਕਿ ਜੋ ਮਨੁਖ ਪਰਮੇਸ਼ਰ ਦਾ ਨਾਮ ਨਹੀਂ ਜਪਦੇ, ਮੈਂ ਤਾਂ ਉਨ੍ਹਾਂ ਦੇ ਦਰਸ਼ਨ ਵੀ ਨਹੀਂ ਕਰਨਾ ਚਾਹੁੰਦਾ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਬਚਨ ਕਰ ਦਿਤਾ ਹੈ ਕਿ ਜੋ ਮਨੁਖ ਨਾਮ ਸਿਮਰਣ ਤੋਂ ਵਿਹੂਣਾ ਹੈ, ਜਿਸ ਕਾਰਨ ਉਸ ਨੂੰ ਪ੍ਰਭੂ ਦਾ ਦਰਸ਼ਨ ਨਹੀਂ ਹੋਇਆ, ਉਹ ਕਿਸੇ ਗਿਣਤੀ ਵਿਚ ਨਹੀਂ, ਭਾਵ, ਉਹ ਤਾਂ ਜਿਉਂਦਾ ਹੀ ਮੋਇਆਂ ਵਰਗਾ ਹੈ - 'ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ॥' ਪੰਨਾ ੬੩. ਗੁਰਬਾਣੀ ਵਿਚ ਅਜਿਹੇ ਮਨੁਖਾਂ ਨੂੰ ਸਾਕਤ ਕਿਹਾ ਗਿਆ ਹੈ ਜੋ ਪ੍ਰਭੂ ਦਾ ਨਾਮ ਨਹੀਂ ਜਪਦੇ ਅਤੇ ਰੱਬੀ ਗੁਣਾਂ ਨੂੰ ਧਾਰਣ ਨਹੀਂ ਕਰਦੇ। ਭਗਤ ਕਬੀਰ ਜੀ ਨੇ ਵੀ , ਪੰਨਾ ੧੩੭੧ ਤੇ, ਅਜਿਹੇ ਜਨਾਂ ਦੀ ਸੰਗਤਿ ਤੋਂ ਸਾਵਧਾਨ ਹੀ ਨਹੀਂ ਕੀਤਾ ਸਗੋਂ ਇਹ ਵੀ ਕਹਿ ਦਿਤਾ ਕਿ ਅਜਿਹੇ ਜਨਾਂ ਤੋਂ ਤਾਂ ਦੂਰੋਂ ਹੀ ਭਜ ਜਾਣਾ ਚਾਹੀਦਾ ਹੈ, ਮਤਾਂ ਕਿਤੇ, ਅਜਿਹੇ, ਨਾਮ ਵਿਹੂਣੇ, ਕਾਲੇ ਭਾਂਡੇ ਦੀ ਛੋਹ ਨਾਲ ਕੋਈ ਦਾਗ਼ ਹੀ ਲਗ ਜਾਏ - 'ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥' ਅੰਗ੍ਰੇਜ਼ੀ ਵਿਚ ਵੀ ਇਕ ਅਜਿਹਾ ਅਖਾਣ ਹੈ - Better alone than in a bad company.

**ਜਿਨ ਕੈ ਭੀਤਰਿ ਹੈ ਅੰਤਰਾ ॥ ਜੈਸੇ ਪਸੁ ਤੈਸੇ ਓਇ ਨਰਾ ॥੨॥**

-- ਭਗਤ ਕਬੀਰ ਜੀ ਅਨੁਸਾਰ ਜਿਨ੍ਹਾਂ ਮਨੁਖਾਂ ਦੀ, ਉਪਰ ਦਸੇ ਕਾਰਣਾਂ ਕਰ ਕੇ, ਪ੍ਰਭੂ ਤੋਂ ਵਿਥ ਹੈ, ਭਾਵ, ਸਿਮਰਣ ਨਾ ਕਰਨ ਅਤੇ ਰੱਬੀ ਗੁਣਾਂ ਨੂੰ ਧਾਰਣ ਨਾ ਕਰਨ ਕਰ ਕੇ ਪ੍ਰਭੂ ਤੋਂ ਟੁਟੇ ਹੋਏ ਹਨ, ਉਨ੍ਹਾਂ ਵਿਚ ਤੇ ਪਸ਼ੂ ਵਿਚ ਕੋਈ ਫ਼ਰਕ ਨਹੀਂ।੨।

ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਸਿਮਰਣ ਵਿਹੂਣੇ ਮਨੁਖਾਂ ਵਿਚ, ਅਤੇ ਗਧੇ, ਕੁੱਤੇ ਸੱਪ, ਕਾਂ, ਭੇਡੂ ਆਦਿ ਵਿਚ ਕੋਈ ਫ਼ਰਕ ਨਹੀਂ। ਅਜਿਹੇ ਲੋਕ ਭ੍ਰਿਸ਼ਟ ਥਾਵਾਂ ਤੇ ਹੀ ਫ਼ਿਰਦੇ ਹਨ। ਇਹ ਹਲਕਾਏ ਕੁਤੇ ਵਾਂਙ ਹੁੰਦੇ ਹਨ, ਸਦਾ ਬੰਧਨ ਵਿਚ ਹੀ ਰਹਿੰਦੇ ਹਨ - '...ਬਿਨੁ ਸਿਮਰਨ ਗਰਧਭ ਕੀ ਨਿਆਈ॥ ਸਾਕਤ ਥਾਨ ਭਰਿਸਟ ਫਿਰਾਹੀ॥ ਬਿਨੁ ਸਿਮਰਨ ਕੂਕਰ ਹਰਕਾਇਆ॥ ਸਾਕਤ ਲੋਭੀ ਬੰਧੁ ਨ ਪਾਇਆ॥...', ਪੰਨਾ ੨੩੯. ਮਹਾਰਾਜ ਨੇ ਸਲੋਕ ਸਹਸਕ੍ਰਿਤੀ ਵਿਚ ਵੀ ਸਪੱਸ਼ਟ ਕੀਤਾ ਹੈ ਕਿ ਜੋ ਪ੍ਰਾਣੀ ਗੁਰੂ ਦੇ ਦਿਤੇ ਮੰਤਰ (ਵਾਹਗੁਰੂ) ਦਾ ਜਾਪ ਨਹੀਂ ਕਰਦੇ ਉਹ ਮੂਰਖ, ਕੁਤੇ, ਸੂਰ, ਗਧੇ, ਕਾਂ, ਸੱਪ ਵਰਗੇ ਹਨ - 'ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ

ਖਲਹ॥', ਪੰਨਾ ੧੩੫੬.

ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਜਿਨ੍ਹਾਂ ਨੇ ਸਚੇ ਪੁਰਖ-ਗੁਰੂ ਦਾ ਦਰਸ਼ਨ ਨਹੀਂ ਹੋਇਆ, ਉਹ ਮੰਦੇ ਭਾਗਾਂ ਵਾਲੇ ਹਨ, ਉਨ੍ਹਾਂ ਨੂੰ ਜਮ ਦੀ ਮਾਰ ਪੈਂਦੀ ਹੈ ਅਤੇ ਮਹਾਂ ਹਤਿਆਰਿਆਂ ਵਾਂਙ ਕੁਤੇ, ਸੂਰ, ਖੋਤੇ ਆਦਿ ਦੀਆਂ ਜੂਨਾਂ ਵਿਚ ਪੈਂਦੇ ਹਨ - 'ਜਿਨ ਦਰਸਨੁ ਸਤਿਗੁਰ ਸਤ ਪੁਰਖ ਨ ਪਾਇਆ ਤੇ ਭਾਗਹੀਣ ਜਮਿ ਮਾਰੇ॥ ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਯਿ ਮਾਰੇ ਮਹਾ ਹਤਿਆਰੇ॥', ਪੰਨਾ ੪੯੩. ਸੋ ਇਹ ਵੀ ਸਪੱਸ਼ਟ ਹੋ ਗਿਆ ਕਿ ਸਚੇ ਪੁਰਖ ਗੁਰੂ ਦਾ ਦਰਸ਼ਨ ਵੀ ਨਾਮ ਜਪਣ ਨਾਲ ਹੀ ਹੁੰਦਾ ਹੈ।

**ਪ੍ਰਣਵਤਿ ਨਾਮਦੇਉ ਨਾਕਹਿ ਬਿਨਾ ॥ ਨਾ ਸੋਹੈ ਬਤੀਸ ਲਖਨਾ ॥੩॥੨॥**

-- ਭਗਤ ਨਾਮਦੇਵ ਜੀ ਬੇਨਤੀ ਕਰਦੇ ਹਨ ਕਿ ਜਿਵੇਂ ਨੱਕ ਤੋਂ ਬਿਨ੍ਹਾਂ, ਕਿਸੇ ਵੀ ਮਨੁਖ ਵਿਚ, ਭਾਵੇਂ ਸੁੰਦਰਤਾ ਦੇ ੩੨ ਦੇ ੩੨ ਲਛਣ ਹੋਣ, ਫ਼ਿਰ ਵੀ ਉਸ ਨੂੰ ਸੁੰਦਰ ਨਹੀਂ ਕਿਹਾ ਜਾ ਸਕਦਾ; ਇਸੇ ਤਰ੍ਹਾਂ ਕੋਈ ਮਨੁਖ, ਭਾਵੇਂ ਕਿਤਨੇ ਹੀ ਧਰਮ ਕਰਮ ਕਰਦਾ ਹੋਵੇ, ਭਾਵੇਂ ਕਿੰਨੇ ਹੀ ਗੁਣਾਂ ਦਾ ਧਾਰਨੀ ਹੋਵੇ, ਸਿਮਰਨ ਤੋਂ ਬਿਨਾਂ ਉਹ ਪਸ਼ੂ ਦੀ ਨਿਆਈਂ ਹੀ ਹੈ ਅਤੇ ਹਰੀ ਉਸ ਦੇ ਕਦੇ ਨਿਕਟ ਨਹੀਂ ਵਸਦਾ।੩।੨।

ਸਪੱਸ਼ਟ ਹੋਇਆ ਹੈ ਕਿ ਪਰ ਧਨ, ਪਰ ਇਸਤ੍ਰੀ ਦਾ ਤਿਆਗ ਆਦਿ ਰੱਬੀ ਗੁਣ ਧਾਰਣ ਕਰਨੇ ਜ਼ਰੂਰੀ ਹਨ, ਪਰ ਸਿਮਰਨ ਤੋਂ ਬਿਨਾਂ ਇਨ੍ਹਾਂ ਰੱਬੀ ਗੁਣਾਂ ਦੀ ਵੀ ਕੋਈ ਕੀਮਤ ਨਹੀਂ ਜਿਵੇਂ ਨੱਕ ਤੋਂ ਬਿਨਾਂ ਸੁੰਦਰਤਾ ਦੇ ਸਾਰੇ ੩੨ ਲਛਣ ਕਿਸੇ ਕੰਮ ਦੇ ਨਹੀਂ।

ਨਾਮ ਤੋਂ ਸਖਣੇ ਵਿਅਕਤੀ ਨੂੰ, ਭਗਤ ਕਬੀਰ ਜੀ ਨੇ, ਸਰੀਰਕ ਤੌਰ ਤੇ ਸੁੰਦਰ ਹੁੰਦਿਆਂ ਹੋਇਆਂ ਵੀ ਕੁੱਬਾ ਤੇ ਕੋਝਾ ਕਿਹਾ ਹੈ - 'ਕਹੁ ਕਬੀਰ ਜੈਸੇ ਸੁੰਦਰ ਸਰੂਪ॥ ਨਾਮ ਬਿਨਾ ਜੈਸੇ ਕੁਬਜ ਕੁਰੂਪ॥', ਪੰਨਾ ੩੨੮.

ਪੁਰਸ਼ ਅਤੇ ਇਸਤਰੀ ਦੇ ਵਖ ਵਖ, ਸੁੰਦਰਤਾ ਦੇ ੩੨ ਲਛਣਾਂ ਦਾ ਜ਼ਿਕਰ **ਸਕੰਦ ਪੁਰਾਣ** ਨਾਂ ਦੇ ਗ੍ਰੰਥ ਵਿਚ ਕੀਤਾ ਗਿਆ ਹੈ। ਸਮਝਣ ਵਾਲੀ ਗਲ ਹੈ ਕਿ ਭਗਤ ਜੀ ਸ਼ੂਦਰ ਜਾਤ ਦੇ ਸਨ ਅਤੇ ਸ਼ੂਦਰ ਜਾਤ ਦੀ ਧਰਮ ਗ੍ਰੰਥਾਂ ਅਤੇ ਵਿਦਿਆ ਤਕ ਪਹੁੰਚ ਨਹੀਂ ਸੀ ਅਤੇ ਨਾ ਹੀ ਪੜ੍ਹਿਆਂ (ਪੰਡਤਾਂ) ਨਾਲ ਸੰਗਤਿ ਸੀ। ਫ਼ਿਰ ਉਨ੍ਹਾਂ ਨੂੰ ੩੨ ਲਛਣਾਂ ਬਾਰੇ ਕਿਵੇਂ ਪਤਾ ਸੀ ! ਪੰਡਤ ਤਾਂ ਉਨ੍ਹਾਂ ਨੂੰ ਨੇੜੇ ਨਹੀਂ ਸਨ ਲਗਣ ਦਿੰਦੇ। ਇਸ ਗਲ ਦਾ ਉਤਰ ਦਾ ਭਗਤ ਜੀ ਦੀ ਆਪਣੀ ਬਾਣੀ ਵਿਚੋਂ ਹੀ ਮਿਲ ਜਾਂਦਾ ਹੈ - 'ਨਾਮਦੇਇ ਸਿਮਰਨੁ ਕਰਿ ਜਾਨਾਂ॥' ਪੰਨਾ ੮੫੮. ਸਿਮਰਣ ਤੇ ਸਾਧੂ ਦੀ ਸੰਗਤਿ ਹੀ ਅਸਲ ਗਿਆਨ ਦਾ ਸੋਮਾ ਹੈ। ਇਸੇ ਕਰ ਕੇ ਹੀ ਪ੍ਰਭੂ ਨਾਲ ਨੇੜਤਾ ਹੁੰਦੀ ਹੈ, ਮਿਲਾਪ ਹੁੰਦਾ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵੀ ਫ਼ੁਰਮਾਣ ਕੀਤਾ ਹੈ ਕਿ ਸਰੀਰਕ ਤੌਰ ਤੇ ਸੁੰਦਰ ਮਨੁਖ ਵੀ ਹਰੀ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਉਤਨਾ ਹੀ ਕਰੂਪ, ਕੋਝਾ ਹੈ ਜਿਤਨਾ ਨੱਕ ਕਟਿਆ ਮਨੁਖ। ਇਤਨਾ ਹੀ ਨਹੀਂ, ਉਹ ਵੇਸਵਾ ਦੇ ਪੁਤਰ ਵਾਂਙੂੰ ਹੈ ਜੋ ਸਦਾ ਹੀ ਲਾਨਤੀ ਅਖਵਾਉਂਦਾ ਹੈ - 'ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥ ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸ ਨਾਮੁ ਪਰਿਓ ਹੈ ਧ੍ਰਕਟੀ॥', ਪੰਨਾ ੫੨੮. ਸ਼ੇਖ਼ ਫ਼ਰੀਦ ਜੀ ਵੀ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਮਨੁਖਾਂ ਨੇ ਪ੍ਰਭੂ ਦਾ ਨਾਮ ਵਿਸਾਰਿਆ ਹੋਇਆ ਹੈ, ਉਨ੍ਹਾਂ ਦੇ ਮੂੰਹ ਹੀ ਉਨ੍ਹਾਂ ਲਈ ਭਿਆਨਕ, ਡਰਾਵਣੇ ਹਨ, ਭਾਵੇਂ ਉਨ੍ਹਾਂ ਕੋਲ ਹੋਰ ਸਭ ਕੁਝ ਮੌਜੂਦ ਹੋਵੇ - 'ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥', ਪੰਨਾ ੧੩੮੩.